ਮੰਗਲਵਾਰ
19, ਜਨਵਰੀ 2010
7 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 280,
ਸਾਲ 25
Postal Regd. No.
PB/0007/09-2011

www.ajdiawaaz.com | **ਪੰਜਾਬ ਦੀ ਉਮੀਦ** | info@ajdiawaaz.com


ਸ਼ਹਿਰ ਤੇ ਆਸ-ਪਾਸ
ਜਿੰਦਰ ਕੌਰ ਨੇ ਪੰਜਾਬ ਦੀ ਪਹਿਲੀ ਜੇਤੂ 3

ਸੰਪਾਦਕੀ
ਲੋਕਾਂ ਦਾ ਆਗੂ 4


ਸਿੱਖ ਧਰਮ
ਹਰਿਮੰਦਰ ਅਠ ਸਠ ਤੀਰਥ 8

'84 ਦੇ ਦੰਗਿਆਂ 'ਚ ਪੀੜਤ ਪ੍ਰੀਵਾਰਾਂ ਦੇ ਪੈਂਡਿੰਗ ਕੇਸਾਂ ਨੂੰ ਡੀ. ਸੀ. ਖੁਲ੍ਹਦਿਲੀ ਨਾਲ ਹੱਲ ਕਰਨ

ਚੰਡੀਗੜ੍ਹ, 18 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ '84 ਦੇ ਦੰਗਿਆਂ ਨਾਲ ਪ੍ਰਭਾਵਿਤ ਪ੍ਰੀਵਾਰਾਂ ਦੇ ਤਾਜ਼ਾ ਉਮੀਦਵਾਰਾਂ ਜੋ ਭਾਰਤ ਸਰਕਾਰ ਵਲੋਂ ਐਲਾਨੇ 'ਮੁੜ ਵਸੇਬਾ ਪੈਕੇਜ਼' ਦੇ ਹੇਠ ਰਾਹਤ ਪ੍ਰਾਪਤ ਕਰਨ ਲਈ ਅਪਲਾਈ ਨਹੀਂ ਕਰ ਸਕੇ ਦੇ ਲੰਬਿਤ ਪਏ ਮਾਮਲਿਆਂ ਨੂੰ ਉਦਾਰਵਾਦੀ ਤਰੀਕੇ ਨਾਲ ਵਿਚਾਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਹੈ। 1984 ਦੇ ਦੰਗਿਆਂ ਨਾਲ ਪ੍ਰਭਾਵਿਤ ਵਿਅਕਤੀਆਂ ਦੇ ਮੁੜ ਵਸੇਬੇ ਦੇ ਸਬੰਧ ਵਿੱਚ ਰਾਹਤ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਨੂੰ ਲਾਗੂ ਕਰਨ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਬੁਲਾਈ ਗਈ ਅੱਜ ਸਵੇਰੇ ਆਪਣੇ ਨਿਵਾਸ ਸਥਾਨ ਤੇ ਉਚ ਪੱਧਰ ਦੀ ਮੀਟਿੰਗ ਦੀ ਪ੍ਰਧਾਨਗੀ (ਬਾਕੀ ਸਫਾ 2 'ਤੇ)

2.50 ਫੀਸਦੀ ਦੀ ਦਰ ਨਾਲ ਮੁੜ ਫਾਇਨਾਂਸ ਮੁਹੱਈਆ ਕਰਾਵੇ ਨਾਬਾਰਡ

ਚੰਡੀਗੜ੍ਹ, 18 ਜਨਵਰੀ (ਹਰੀਸ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਨਾਬਾਰਡ ਨੂੰ ਆਖਿਆ ਹੈ ਕਿ ਉਹ ਜ਼ਿਲ੍ਹਾ ਸੈਂਟਰਲ ਕੋਆਪ੍ਰੇਟਿਵ ਬੈਂਕਾਂ (ਡੀ.ਸੀ.ਸੀ.ਬੀਜ਼) ਦੀ ਵਿਤੀ ਗਤੀਸ਼ੀਲਤਾ ਅਤੇ ਆਰਥਿਕ (ਬਾਕੀ ਸਫਾ 2 'ਤੇ)

ਰਾਤੋਂ-ਰਾਤ ਨਹੀਂ ਘੱਟ ਸਕਦੀ ਮਹਿੰਗਾਈ-ਪਵਾਰ

ਨਵੀਂ ਦਿੱਲੀ, 18 ਜਨਵਰੀ (ਵਿਸ਼ਵ ਵਾਰਤਾ)-ਮਹਿੰਗਾਈ ਨੂੰ ਲੈ ਕੇ ਜਨਤਾ ਅਤੇ ਵਿਰੋਧੀ ਧਿਰ ਦਾ ਲਗਾਤਾਰ ਨਿਸ਼ਾਨਾ ਬਣਾ ਰਹੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਅੱਜ ਇਕ ਵਾਰ ਫਿਰ ਕਿਹਾ ਹੈ ਕਿ ਮਹਿੰਗਾਈ ਰਾਤੋਂ-ਰਾਤ ਨਹੀਂ ਘਟ ਸਕਦੀ। ਇਸ ਤੋਂ ਪਹਿਲਾਂ ਪਵਾਰ ਨੇ ਬੀਤੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਮੈਂ ਕੋਈ ਜੋਤਿਸ਼ੀ ਨਹੀਂ ਹਾਂ ਜੋ ਦੱਸ ਸਕਾਂ ਕਿ ਮਹਿੰਗਾਈ ਕਦੋਂ ਘਟੇਗੀ। ਪਵਾਰ ਦੇ ਇਸ ਬਿਆਨ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਗਈ। ਪਵਾਰ ਦੇ ਬਿਆਨ 'ਤੇ ਕੈਬਨਿਟ ਕਮੇਟੀ ਦੀ ਬੈਠਕ ਵੀ (ਬਾਕੀ ਸਫਾ 2 'ਤੇ)

ਕਾਬੁਲ 'ਚ ਆਤਮਘਾਤੀ ਹਮਲਾ, 10 ਮੌਤਾਂ

ਕਾਬੁਲ, 18 ਜਨਵਰੀ (ਇੰਟ.)-ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਰਾਸ਼ਟਰਪਤੀ ਭਵਨ ਦੇ ਕੋਲ ਤਾਲਿਬਾਨ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ 'ਚ ਅੱਜ ਦੁਪਹਿਰ ਬਾਅਦ 4 ਵਜੇ ਖ਼ਬਰ ਲਿਖੇ ਜਾਣ ਤੋਂ ਤਿੰਨ ਘੰਟੇ ਪਹਿਲਾਂ ਤੋਂ ਜ਼ਿਆਦਾ ਸਮੇਂ ਤੋਂ ਫਾਇਰਿੰਗ ਜਾਰੀ ਸੀ। ਅਧਿਕਾਰੀਆਂ ਮੁਤਾਬਿਕ ਗੋਲਬਾਰੀ 'ਚ ਚਾਰ ਆਤਮਘਾਤੀ ਹਮਲਾਵਰ ਸਮੇਤ 10 ਲੋਕ ਮਾਰੇ ਗਏ ਹਨ। ਖਾਸ ਗੱਲ ਇਹ ਹੈਕਿ ਸੈਂਟਰਲ ਕਾਬੁਲ ਦੇ ਇਨ੍ਹਾਂ ਇਲਾਕਿਆਂ 'ਚ ਜਦ ਹ ਮ ਲਾ (ਬਾਕੀ ਸਫਾ 2 'ਤੇ)

ਅੰਬਿਕਾ ਸੋਨੀ ਵੱਲੋਂ ਭਾਰਤ 2010 ਅਤੇ ਇੰਡੀਆ 2010 ਖਰੜਾ ਜਾਰੀ

ਨਵੀਂ ਦਿੱਲੀ, 18 ਜਨਵਰੀ (ਵਿਸ਼ਵ ਵਾਰਤਾ)-ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀਮਤੀ ਅੰਬਿਕਾ ਸੋਨੀ ਨੇ ਭਾਰਤ 2010 ਅਤੇ ਇੰਡੀਆ 2010 ਖਰੜਾ ਜਾਰੀ ਕੀਤਾ। ਭਾਰਤੀ ਇੰਡੀਆ 54ਵੇਂ ਪ੍ਰਕਾਸ਼ਨ ਦੇ ਮੌਕੇ 'ਤੇ ਸ਼੍ਰੀਮਤੀ ਅੰਬਿਕਾ ਸੋਨੀ ਨੇ ਕਿਹਾ ਕਿ ਇਸ ਵਿੱਚ ਹਰੇਕ ਵਿਸ਼ੇ ਬਾਰੇ ਜਾਣਕਾਰੀ ਦੇਣ ਬਾਰੇ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਕੀਤੇ ਜਾਣੇ ਚਾਹੀਦੇ ਹਨ ਕਿ ਇਹ ਪ੍ਰਕਾਸ਼ਨ ਵੱਧ ਤੋਂ ਵੱਧ ਹੱਥਾਂ ਵਿੱਚ ਪਹੁੰਚੇ। ਉਨ੍ਹਾਂ ਕਿਹਾ ਕਿ ਸਰਕਾਰੀ ਪ੍ਰੋਗਰਾਮਾਂ ਤੇ ਸਕੀਮਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਸੰਵਿਧਾਨ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇ ਤਾਂ ਇਹ ਪ੍ਰਕਾਸ਼ਨ ਹੋਰ ਵੀ ਵਧੀਆ (ਬਾਕੀ ਸਫਾ 2 'ਤੇ)

ਜ਼ਮਾਨਤ 'ਤੇ ਸੁਣਵਾਈ 25 ਤੱਕ ਟਲੀ

ਸੀ. ਬੀ. ਆਈ. ਨੇ ਰਾਠੌਰ ਦੀ ਹਿਰਾਸਤੀ ਪੁੱਛਗਿੱਛ ਦੀ ਇਜਾਜ਼ਤ ਮੰਗੀ

ਚੰਡੀਗੜ੍ਹ, 18 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਸੀ.ਬੀ.ਆਈ. ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਰੁਚਿਕਾ ਛੇੜ-ਛਾੜ ਦੇ ਦੋਸ਼ੀ ਪਾਏ ਗਏ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਹਰਿਆਣਾ ਐੱਸ.ਪੀ.ਐੱਸ. ਰਾਠੌਰ ਦੀ ਕੋਸਏਡੀਅਲ ਇਨਸਵੈਸਟੀਗੇਸ਼ਨ ਦੀ ਮੰਗ ਕੀਤੀ ਹੈ ਅਤੇ ਹਿਰਾਸਤ ਵਿੱਚ ਦੇਣ ਲਈ ਕਿਹਾ ਹੈ ਕਿ ਅਤੇ ਅਗਾਊਂ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ ਹੈ।

ਅੱਜ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਮਾਨਯੋਗ ਜਸਟਿਸ ਸ੍ਰੀ ਸ਼ਬੀਨਾ ਦੇ ਆਧਾਰਤ ਬੈਂਚ ਅੱਗ ਹਰਿਆਣਾ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ ਰਾਠੌਰ ਦੀ ਅਗਾਊਂ ਜ਼ਮਾਨਤ ਅਤੇ ਐਫ.ਆਈ.ਆਰ. ਕੋਰਪਾਸ ਕਰਨ ਸੰਬੰਧੀ ਕੇਸਾਂ ਦੀ ਸੁਣਵਾਈ ਸ਼ੁਰੂ ਹੋਈ। ਸ਼ੁਰੂ ਵਿੱਚ ਸੀ.ਬੀ.ਆਈ. ਦੇ ਵਕੀਲ ਅਨਮੋਲ ਰਤਕ ਸੰਧੂ ਨੇ ਹਾਈ ਕੋਰਟ ਤੋਂ ਮੰਗ ਕੀਤੀ ਕਿ ਕੇਸ ਦੀ ਪੂਰੀ ਜਾਂਚ ਪੜਤਾਲ ਅਤੇ ਰਾਠੌਰ ਤੋਂ ਪੁੱਛਗਿੱਛ ਕਰਨ ਲਈ ਇਸ ਨੂੰ ਕੋਸਟੋਡੀਅਲ ਇਨਵੈਸਟੀਗੇਸ਼ਨ ਕਰਨ ਲਈ ਸੀ.ਬੀ.ਆਈ. ਹਵਾਲੇ ਕੀਤਾ ਜਾਣਾ ਜ਼ਰੂਰੀ ਹੈ, ਤਦ ਦੀ ਕੇਸ ਦੀ ਅਜ਼ਾਦਾਨਾ ਜਾਂਚ ਹੋ ਸਕਦੀ ਹੈ। ਇਸ ਦਾ ਰਾਠੌਰ ਦੇ ਵਕੀਲ ਆਵਾ ਰਾਠੌਰ ਨੇ ਸਖਤ ਵਿਰੋਧ ਕੀਤਾ ਤੇ ਕਿਹਾ ਕਿ 30 ਮੈਂਬਰੀ ਸੀ.ਬੀ.ਆਈ. ਦੀ ਟੀਮ ਬੈਠ ਕੇ ਉਹ ਅਜੇ ਤੱਕ ਕੇਸ ਦੀ ਇਨਵੈਟੀਗੇਸ਼ਨ ਪੂਰੀ ਕਰ ਰਹੀ ਹੈ। ਉਨ੍ਹਾਂ ਨੇ ਜੋ ਜੁਆਬ ਦਾਅਵਾ ਅਦਾਲਤ ਵਿੱਚ ਪੇਸ਼ ਕੀਤਾ ਹੈ, ਉਸ ਦੀ ਸਾਨੂੰ ਕਾਪੀ ਨਹੀਂ ਵਿਖਾਈ। ਜੋ ਸੀ.ਬੀ.ਆਈ. ਵੱਲੋਂ ਦਿੱਤੀ ਗਈ, ਸੀ.ਬੀ.ਆਈ ਨੇ ਕਿਹਾ ਕਿ ਕੇਸ ਦੇ ਪੂਰੇ ਡਾਕੂਮੈਂਟ ਦੀ ਪੂਰੀ ਘੋਖ ਕਰਨ ਲਈ ਹੋਰ ਸਮਾਂ ਚਾਹੀਦਾ ਹੈ। ਇਸ 'ਤੇ ਅਦਾਲਤ ਨੇ ਕਿਹਾ ਕਿ 4 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ, ਪਰ ਸੀ.ਬੀ.ਆਈ. ਦੇ ਵਕੀਲ ਨੇ ਹੋਰ ਜ਼ਿਆਦਾ ਸਮਾਂ ਮੰਗਿਆ, ਕਿਉਂਕਿ ਕਾਗਜ਼ਾਤ ਜ਼ਰੂਰੀ ਦੇਖਣ ਲਈ ਸਮਾਂ ਜ਼ਿਆਦਾ ਚਾਹੀਦਾ ਹੈ। ਇਸ ਤੋਂ ਮਾਨਯੋਗ ਜਸਟਿਸ ਸ੍ਰੀਮਤੀ ਸਵੀਨਾ ਨੇ 7 ਦਿਨ ਦਾ ਸਮਾਂ ਹੋਰ ਦਿੱਤਾ। ਕੇਸ ਦੀ ਸੁਣਵਾਈ ਹੁਣ 25 ਜਨਵਰੀ ਨੂੰ ਹੋਵੇਗੀ। ਉਧਰ ਰੁਚਿਕਾ ਪਰਿਵਾਰ ਦੇ ਵਕੀਲ ਪੰਕਜ ਭਾਰਤਵਾਜ ਨੇ ਅਲੱਗ ਤੌਰ 'ਤੇ ਇੱਕ ਅਰਜ਼ੀ ਪੇਸ਼ ਕਰਕੇ ਕਿਹਾ ਕਿ ਜੇ ਕੇਸ ਦਫਾ 306 ਵਿਚ ਦਰਜ ਹੋਇਆ ਹੈ, ਦੋਸ਼ੀ ਨੇ ਉਸ (ਬਾਕੀ ਸਫਾ 2 'ਤੇ)

ਰੂੰ ਨੂੰ ਲੱਗਿਆ ਮੰਦੀ ਦਾ ਗ੍ਰਹਿਣ

ਚੰਡੀਗੜ੍ਹ, 18 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਉਤਰ ਭਾਰਤ ਖੇਤਰ ਦੇ ਰਾਜਾਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਜ਼ਿਲ੍ਹਾ ਸ੍ਰੀਗੰਗਾਨਗਰ ਤੇ ਹਨੂੰਮਾਨਗੜ੍ਹ ਸਰਕਲ ਦੀਆਂ ਮੰਡੀਆਂ ਵਿਚ ਸੋਮਵਾਰ ਨੂੰ ਵੀ ਰੂੰ ਦੀਆਂ ਕੀਮਤਾਂ ਮੰਦੀ ਰਹੀਆਂ। ਬਾਜ਼ਾਰ ਜਾਣਕਾਰੀ ਸੂਤਰਾਂ ਨੇ ਦੱਸਿਆ ਕਿ ਉਤਰ ਭਾਰਤ ਖੇਤਰ ਵਿਚ ਪੰਜਾਬ ਤੋਂ ਹੀ ਰੂੰ ਦੀਆਂ ਕੀਮਤਾਂ ਨਿਕਲਦੀਆਂ ਹਨ ਕਿਉਂਕਿ ਹਰਿਆਣਾ ਅਤੇ ਰਾਜਸਥਾਨ ਦੇ ਮੁਕਾਬਲੇ ਪੰਜਾਬ ਵਿਚ ਰੂੰ ਮਹਿੰਗੀ ਵਿਕਦੀ ਹੈ, ਜਿਸ ਦਾ ਤੇਜ਼ੀ-ਮੰਦੀ ਦਾ ਅਸਰ ਹਰਿਆਣਾ ਅਤੇ ਰਾਜਸਥਾਨ ਦੀਆਂ ਰੂੰ ਮਾਰਕੀਟ 'ਤੇ ਪੈਂਦਾ ਹੈ। ਸੂਤਰਾਂ ਅਨੁਸਾਰ ਰੂੰ ਦੀਆਂ ਕੀਮਤਾਂ 'ਤੇ ਬੀਤੇ ਹਫ਼ਤੇ ਤੋਂ ਹੀ ਮੰਦੀ ਦਾ ਗ੍ਰਹਿਣ ਲੱਗ ਗਿਆ ਸੀ, ਜਿਸ ਕਾਰਨ ਰੂੰ ਬਿਕਵਾਲਾਂ ਵਿਚ ਹਲਚਲ ਸ਼ੁਰੂ ਹੋ ਗਈ ਸੀ। ਬੀਤੇ ਸ਼ਨੀਵਾਰ ਨੂੰ ਪੰਜਾਬ ਵਿਚ ਵਧੀਆ ਰੋਲਰ ਦੇ ਭਾਅ 2730 ਰੁਪਏ ਮਣ ਤੋਂ ਵਧ ਬੋਲੇ ਗਏ ਸਨ। ਪਰ ਵਪਾਰ 2718 ਅਤੇ 2715, 2710, 2698 ਰੁਪਏ ਮਣ ਤੋਂ ਹੇਠਾਂ ਹੋਇਆ। ਰੂੰ ਨੂੰ ਮੰਦੀ ਦਾ ਗ੍ਰਹਿਣ ਲੱਗਣ ਕਾਰਨ ਅੱਜ ਪੰਜਾਬ ਵਿਚ ਵਧੀਆ ਰੂੰ ਉਪਰ ਵਿਚ 2682 ਰੁਪਏ ਕਾਰੋਬਾਰ ਹੋਇਆ। ਜਦੋਂ ਕਿ ਰਾਜ ਦੀਆਂ ਵੱਖ ਵੱਖ ਮੰਡੀਆਂ ਵਿਚ ਰੂੰ ਦਾ ਵਪਾਰ 2660 ਅਤੇ 2655 ਰੁਪਏ ਮਣ ਹੋਇਆ। ਸੂਤਰਾਂ ਨੇ ਕਿਹਾ ਕਿ ਫਿਲਹਾਲ ਰੂੰ ਬਾਜ਼ਾਰਾਂ ਵਿਚ ਕੋਈ ਦਮ ਨਜ਼ਰ ਨਹੀਂ ਆਇਆ।

ਪੰਜਾਬ ਤੇ ਹਰਿਆਣਾ ਨੂੰ ਸੰਘਣੀ ਧੁੰਦ ਨੇ ਢੱਕਿਆ

ਠੰਢ ਵਧੀ, ਜਨ-ਜੀਵਨ ਲੀਹੋ ਲੱਥਾ

ਚੰਡੀਗੜ੍ਹ, 18 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਅਤੇ ਹਰਿਆਣਾ ਵਿਚ ਅੱਜ ਲਗਾਤਾਰ ਦੂਸਰੇ ਦਿਨ ਵੀ ਸੰਘਣੀ ਧੁੰਦ ਛਾਈ ਰਹੀ। ਹਾਲਾਂਕਿ ਦੁਪਹਿਰ ਸਮੇਂ ਧੁੱਪ ਨਿਕਲਣ ਨਾਲ ਲੋਕਾਂ ਨੂੰ ਠੰਡ ਤੋਂ ਥੋੜੀ ਰਾਹਤ ਜ਼ਰੂਰ ਮਿਲੀ ਪਰ ਕੁਝ ਸਥਾਨਾਂ 'ਤੇ ਤਾਪਮਾਨ ਤਿੰਨ ਡਿਗਰੀ ਤੱਕ ਉਪਰ ਚਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਧੁੰਦ ਦੀ ਮਾਰ ਰੇਲ, ਸੜਕ ਅਤੇ ਹਵਾਈ ਸੈਨਾ 'ਤੇ ਪਈ ਅਤੇ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਉਹਨਾਂ ਦੱਸਿਆ ਕਿ ਚੰਡੀਗੜ੍ਹ ਤੋਂ ਕਈ ਹਵਾਈ ਸੇਵਾਵਾਂ ਅੱਜ ਵੀ ਬੰਦ ਰਹੀਆਂ। ਨਾਲ ਹੀ ਇਹਨਾਂ ਇਲਾਕਿਆਂ ਤੋਂ ਗੁਜ਼ਰਨ ਵਾਲੀਆਂ ਟ੍ਰੇਨਾਂ ਵੀ ਦੇਰੀ ਨਾਲ ਚੱਲੀਆਂ। ਮੌਸਮ ਅਧਿਕਾਰੀਆਂ ਨੇ ਦੱਸਿਆ ਕਿ ਚੰਡੀਗੜ੍ਹ, ਅੰਬਾਲਾ, ਪਠਾਨਕੋਟ, ਆਦਮਪੁਰ, ਬਠਿੰਡਾ ਅਤੇ ਸਿਰਸਾ ਵਿੱਚ ਦਿਖਣ ਦੀ ਦੂਰੀ ਅੱਜ ਸਵੇਰੇ ਸਿਫ਼ਰ ਸੀ। ਇਲਾਕੇ ਵਿੱਚ ਘੱਟੋ-ਘੱਟ ਤਾਪਮਾਨ ਆਮ ਨਾਲੋਂ ਤਿੰਨ ਤੋਂ ਚਾਰ ਡਿਗਰੀ ਤੱਕ ਉਪਰ ਰਿਹਾ। ਅੰਮ੍ਰਿਤਸਰ ਸਭ ਤੋਂ ਜ਼ਿਆਦਾ ਠੰਡਾ ਰਿਹਾ। ਇੱਥੇ ਦਾ ਤਾਪਮਾਨ ਆਮ ਨਾਲ ਚਾਰ ਡਿਗਰੀ ਘੱਟ 0.4 ਦਰਜ ਕੀਤਾ ਗਿਆ। ਨਾਰਲੌਨ ਵਿੱਚ ਤਾਪਮਾਨ 3.4 ਡਿਗਰੀ, ਚੰਡੀਗੜ੍ਹ ਵਿੱਚ 5.2 ਡਿਗਰੀ, ਅੰਬਾਲਾ ਵਿੱਚ 6.7 ਡਿਗਰੀ, ਹਿਸਾਰ ਵਿੱਚ 7.2 ਡਿਗਰੀ ਅਤੇ ਕਰਨਾਲ ਵਿੱਚ ਤਾਪਮਾਨ 9.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਤੱਕ ਧੁੰਦ ਅਤੇ ਕੜ੍ਹਾਕੇ ਦੀ ਠੰਡ ਪੈਣ ਦਾ ਅਨੁਮਾਨ ਲਗਾਇਆ ਹੈ।

ਐਲਨਾਬਾਦ ਜਿਮਨੀ ਚੋਣ ਹਰਿਆਣਾ ਸਰਕਾਰ ਦਾ ਭਵਿੱਖ ਤੈਅ ਕਰੇਗੀ

ਚੰਡੀਗੜ੍ਹ, 18 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਹਰਿਆਣਾ ਵਿੱਚ ਏਲਨਾਬਾਦ ਦੀ ਜਿਮਨੀ ਚੋਣ ਦਾ ਘਮਸਾਨ ਦਾ ਯੁੱਧ ਨਿਰਣਾਇਕ ਮੋੜ ਤੇ ਪਹੁੰਚ ਗਿਆ ਹੈ। ਇਨੈਲੋ ਇੰਡੀਅਨ ਨੈਸ਼ਨਲ ਲੋਕ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸਿੱਧਾ ਮੁਕਾਬਲਾ ਹੋਣ ਦੇ ਕਾਰਨ ਦੋਵਾਂ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦੀ ਜਿੱਤ ਨੂੰ ਸੁਨਿਸ਼ਚਿਤ ਕਰਨ ਲਈ ਸਿਰ ਧੜ ਦੀ ਬਾਜੀ ਲਗਾਈ ਹੋਈ ਹੈ। ਇੱਥੇ ਹਰਿਆਣਾ ਕਾਂਗਰਸ ਆਪਣੇ ਵਿਕਾਸ ਦੇ ਮੁੱਦੇ ਨੂੰ ਉਛਾਲ ਰਹੀ ਹੈ, ਉੱਥੋਂ ਇਨੈਲਾ ਆਪਣੇ ਖੇਤਰਵਾਦ ਅਤੇ ਮਹਿੰਗਾਈ ਦੇ ਮੁੱਦਿਆਂ ਦੀ ਦੁਹਾਈ ਦੇ ਰਹੀ ਹੈ। ਕਾਂਗਰਸ ਵਰਕਰ ਅਤੇ ਨੇਤਾ ਪਿੰਡ ਵਿੱਚ ਇਹ ਪ੍ਰਚਾਰ ਕਰ ਰਹੇ ਹਨ ਕਿ ਅਗਰ ਸਿਰਸਾ ਦਾ ਵਿਕਾਸ ਵੇਖਣਾ ਚਾਹੁੰਦੇ ਹੋ ਤਾਂ ਕਾਂਗਰਸੀ ਉਮੀਦਵਾਰ ਭਰਤ ਸਿੰਘ ਵੈਨੀਵਾਲ ਨੂੰ ਵੋਟ ਦਿਓ ਦੂਸਰੇ ਪਾਸੇ ਇਨੈਲੋ ਸੁਪਰੀਮੋ ਓਮ ਪ੍ਰਕਾਸ਼ ਚੋਟਾਲਾ ਦਾ ਪ੍ਰਚਾਰ ਹੈ ਕਿ ਉਹ ਏਲਨਾਬਾਦ ਦੇ ਲੋਕਾਂ ਨੂੰ ਆਪਣਾ ਪਰਿਵਾਰ ਮੰਨਦੇ ਹਨ।

ਪੰਜਾਬ ਦੇ ਬੰਦ ਉਦਯੋਗਾਂ ਨੂੰ ਹੁਣ ਸਬਸਿਡੀ ਮਿਲਣ ਦੀ ਸੰਭਾਵਨਾ ਘਟੀ

ਚੰਡੀਗੜ੍ਹ, 18 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਬੰਦ ਉਦਯੋਗਾਂ ਨੂੰ ਹੁਣ ਸਬਸਿਡੀ ਮਿਲਣ ਦੀ ਸੰਭਾਵਨਾ ਲੱਗਭੱਗ ਖਤਮ ਹੋ ਗਈ ਹੈ। ਪੰਜਾਬ ਦੇ ਐਡਵੋਕੇਟ ਜਨਰਲ ਐੱਚ.ਐੱਸ. ਮੱਤੇਵਾਲ ਵੱਲੋਂ ਮੁੱਖ ਮੰਤਰੀ ਨੂੰ ਲਿਖੇ ਇੱਕ ਪੱਤਰ ਅਜਿਹੇ ਉਦਯੋਗਾਂ ਨੂੰ ਸਬਸਿਡੀ ਨਾ ਦੇਣ ਲਈ ਕਿਹਾ ਹੈ ਜੋ ਬੰਦ ਹਨ ਅਤੇ ਮੁੱਖ ਮੰਤਰੀ ਸ੍. ਬਾਦਲ ਐਡਵੋਕੇਟ ਜਨਰਲ ਦੇ ਸੁਝਾਅ 'ਤੇ ਮੋਹਰ ਲਾ ਦਿੱਤੀ ਹੈ, ਜਿਸ ਨਾਲ ਬੰਦ ਉਦਯੋਗਾਂ ਨੂੰ ਮਿਲਣ ਵਾਲੀ ਸਬਸਿਡੀ ਦੀ ਸੰਭਾਵਨਾ ਖਤਮ ਹੋ ਗਈ ਹੈ। ਆਰਥਿਕ ਮੰਦੀ ਨੂੰ ਦੇਖਦੇ ਹੋਏ ਪਹਿਲਾਂ ਸੂਬਾ ਸਰਕਾਰ ਵੱਲੋਂ ਬੰਦ ਪਏ ਉਦਯੋਗਾਂ ਨੂੰ ਵੀ ਸਬਸਿਡੀ ਦੇਣ ਦਾ ਫੈਸਲਾ ਕੀਤਾ ਗਿਆ ਸੀ, ਸਰਕਾਰ ਵੱਲੋਂ ਉਨ੍ਹਾਂ ਉਦਯੋਗਾਂ ਨੂੰ ਸਬਸਿਡੀ ਦਿੱਤੀ ਜਾਣੀ ਸੀ, ਜੋ ਕਿਸੇ ਕਾਰਨ ਕਰਕੇ ਪਿਛਲੇ ਪੰਜ ਸਾਲਾਂ ਤੋਂ ਬੰਦ ਹੋ ਗਏ ਸਨ। ਐਡਵੋਕੇਟ ਜਨਰਲ ਵੱਲੋਂ ਸਰਕਾਰ ਨੂੰ ਭੇਜੇ ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਉਹ 31 ਦਸੰਬਰ 2007 ਤੱਕ ਬੰਦ ਹੋਏ ਉਦਯੋਗਾਂ ਦੀ ਸੰਖਿਆ 873 ਹੈ, ਜਿਨ੍ਹਾਂ 62.50 ਕਰੋੜ ਰੁਪਏ ਦੀ ਸਬਸਿਡੀ ਵੰਡੀ ਜਾਣੀ ਸੀ।

ਐਡਵੋਕੇਟ ਜਨਰਲ ਦੇ ਦਫਤਰ ਨੇ ਕਿਹਾ ਹੈ ਕਿ ਬੰਦ ਹੋਏ ਉਦਯੋਗਾਂ ਨੂੰ ਸਬਸਿਡੀ ਦੇਣ ਦੇ ਪਹਿਲਾਂ ਹੀ ਕਈ ਮਾਮਲਿਆਂ ਦਾ ਸੀ.ਬੀ.ਆਈ. ਜਾਂਚ ਕਰ ਰਹੀ ਹੈ, ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਰਕਾਰ ਨੂੰ ਪਹਿਲਾਂ ਕਈ ਵਾਰ ਹਾਈ ਕੋਰਟ ਵਿੱਚ ਪਟੀਸ਼ਨ ਦਾ ਸਾਹਮਣਾ ਕਰਨਾ ਪਿਆ ਹੈ ਤੇ ਜੇਕਰ ਹੁਣ ਫਿਰ ਇਹ ਲਾਭ ਬੰਦ ਉਦਯੋਗਾਂ ਨੂੰ ਦਿੱਤੇ ਜਾਂਦੇ ਹਨ ਤਾਂ ਇਹ ਜਨਹਿਤ ਪਟੀਸ਼ਨ ਦਾ ਸਾਹਮਣਾ ਕਰਨ ਲਈ ਸਰਕਾਰ ਤਿਆਰ ਰਹੇ।

ਹਾਕੀ ਖਿਡਾਰੀਆਂ ਨੂੰ ਮਿਲੀ ਬਕਾਇਆ ਫੀਸ

ਨਵੀਂ ਦਿੱਲੀ, 18 ਜਨਵਰੀ (ਵਿਸ਼ਵ ਵਾਰਤਾ)-ਓਲੰਪਿਕ ਸੰਘ ਦੇ ਪ੍ਰਮੁੱਖ ਸੁਰੇਸ਼ ਕਲਮਾਡੀ ਨੇ ਹਾਕੀ ਖਿਡਾਰੀਆਂ ਨਾਲ ਆਪਣਾ ਵਾਅਦਾ ਪੂਰਾ ਕਰਦਿਆਂ ਖਿਡਾਰੀਆਂ ਨੂੰ ਬਕਾਇਆ ਫੀਸ ਦਾ ਭੁਗਤਾਨ ਕਰ ਦਿੱਤਾ ਹੈ। ਕਲਮਾਡੀ ਨੇ ਖਿਡਾਰੀਆਂ ਨੂੰ ਇਕ ਕਰੋੜ ਰੁਪਏ ਦਾ ਚੈਕ ਦਿੱਤਾ। ਵਰਣਨਯੋਗ ਹੈ ਕਿ ਹਾਕੀ ਇੰਡੀਆ ਦੇ ਖਿਡਾਰੀਆਂ ਨੇ ਪਿਛਲੇ ਦਿਨੀਂ ਆਪਣੀ ਬਕਾਇਆ ਫੀਸ ਦੇ ਭੁਗਤਾਨ ਨੂੰ ਲੈ ਕੇ ਬਗਾਵਤ ਕਰ ਦਿੱਤੀ ਸੀ। ਉਨ੍ਹਾਂ ਨੇ ਪੁਣੇ ਦੀ ਟ੍ਰੇਨਿੰਗ ਕੈਂਪ ਦਾ ਬਾਈਕਾਟ ਕਰ ਦਿੱਤਾ ਸੀ। ਹਾਲਾਂਕਿ ਬਾਅਦ ਵਿਚ ਸਾਬਕਾ ਹਾਕੀ ਖਿਡਾਰੀ ਧਨਰਾਜ ਪਿਲੇ ਦੀ ਵਿਚੋਲਗੀ ਨਾਲ ਇਹ ਮਸਲਾ ਸੁਲਝ ਗਿਆ ਸੀ। ਸੁਰੇਸ਼ ਕਲਮਾਡੀ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਬਕਾਇਆ ਫੀਸ ਦਾ ਭਰੋਸਾ ਦਿੱਤਾ ਸੀ, ਜਿਸ ਤੋਂ ਬਾਅਦ ਖਿਡਾਰੀ ਟ੍ਰੇਨਿੰਗ ਕੈਂਪ ਵਿਚ ਵਾਪਸ ਆ ਗਏ ਸਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਯੂਨਾਇਟਿਡ ਸਰਬੱਤ ਖਾਲਸਾ ਦਾ ਇੱਕ ਸਾਂਝਾ ਵਫ਼ਦ ਸ. ਗੁਰਮੀਤ ਸਿੰਘ ਸ਼ੰਟੀ ਅਤੇ ਸ. ਜੋਗਿੰਦਰ ਸਿੰਘ ਸੇਠੀ ਦੀ ਅਗਵਾਈ ਹੇਠ ਸੁਪਰੀਮ ਕੋਰਟ ਵਿੱਚ ਮੈਰਿਜ ਐਕਟ ਦੇ ਆਰਟੀਕਲ 25 ਵਿੱਚ ਤਬਦੀਲੀ ਕਰਕੇ ਆਨੰਦਦ ਮੈਰਿਜ ਐਕਟ ਲਾਗੂ ਕਰਾਉਣ ਲਈ ਲਗਾਈ ਗਈ ਰਿਟ ਦੀ ਪੇਸ਼ੀ ਲਈ ਜਾਂਦੇ ਹੋਏ ਨਾਲ ਹਨ ਸ. ਦਲਜੀਤ ਸਿੰਘ ਚੇਅਰਮੈਨ ਧਰਮ ਪ੍ਰਚਾਰ (ਐਜੂਕੇਸ਼ਨ ਐਂਡ ਯੂਥ ਵਿੰਗ) ਸ. ਗੁਰਕ੍ਰਿਪਾਲ ਸਿੰਘ, ਸ. ਕਰਨੈਲ ਸਿੰਘ ਸਿੰਘ ਪੀਰ ਮੁਹੰਮਦ, ਸ. ਉਪਦੇਸ਼ ਸਿੰਘ ਤੇ ਹੋਰ ਪਤਵੰਤੇ ਸੱਜਣ। (ਫੋਟੋ : ਅਨੂਪ ਅਸਥਾਨਾ)

ਅੱਧੇ ਦਿਨ ਦਾ ਮੈਚ ਖਰਾਬ ਰੌਸ਼ਨੀ ਦੀ ਭੇਂਟ ਚੜ੍ਹਿਆ

ਸਚਿਨ ਨੇ ਜੜ੍ਹਿਆ 44ਵਾਂ ਸੈਂਕੜਾ

ਜਲੰਧਰ 18 ਜਨਵਰੀ (ਕਮਲਜੀਤ ਥਾਬਲਕੇ)-ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਪਹਿਲੇ ਟੈਸਟ ਮੈਚ ਦਾ ਦੂਸਰਾ ਅੱਧਾ ਦਿਨ ਅੱਜ ਖਰਾਬ ਰੌਸ਼ਨੀ ਦੀ ਭੇਂਟ ਚੜ੍ਹ ਗਿਆ। ਇਸ ਤੋਂ ਪਹਿਲਾਂ ਅੱਜ ਭਾਰਤ ਦੀ ਪੂਰੀ ਟੀਮ 243 ਦੌੜਾਂ 'ਤੇ ਆਊਟ ਹੋ ਗਈ। ਜਿਸ ਦੇ ਜਵਾਬ ਵਿਚ ਬੰਗਲਾਦੇਸ਼ ਦੀ ਸ਼ੁਰੂਆਤ ਤਾਂ ਭਾਵੇਂ ਚੰਗੀ ਰਹੀ ਪਰ ਬਾਅਦ ਜ਼ਹੀਰ ਤੇ ਈਸ਼ਾਂਤ ਨੇ ਬੰਗਲਾਦੇਸ਼ ਦੇ ਤਿੰਨ ਖਿਡਾਰੀਆਂ ਨੂੰ ਛੇਤੀ-ਛੇਤੀ ਆਊਟ ਕਰ ਦਿੱਤਾ। ਹਾਲਾਂਕਿ ਖਰਾਬ ਰੌਸ਼ਨੀ ਕਾਰਨ ਪੂਰੇ ਦਿਨ ਦੀ ਖੇਡ ਨਹੀਂ ਹੋ ਸਕੀ। ਬੰਗਲਾਦੇਸ਼ ਨੇ ਤਿੰਨ ਵਿਕਟਾਂ ਦੇ ਨੁਕਸਾਨ 'ਤੇ 59 ਦੌੜਾਂ ਬਣਾ ਲਈਆਂ ਸਨ। ਭਾਰਤ ਵੱਲੋਂ ਜ਼ਹੀਰ ਖਾਨ ਨੇ 2 ਅਤੇ ਈਸ਼ਾਂਤ ਸ਼ਰਮਾ ਨੇ 1 ਖਿਡਾਰੀ ਨੂੰ ਆਊਟ ਕੀਤਾ। ਇਸ ਤੋਂ ਪਹਿਲਾਂ ਸਚਿਨ ਤੇਂਦੂਲਕਰ ਨੇ ਅੱਜ ਆਪਣੇ ਟੈਸਟ ਕੈਰੀਅਰ ਦਾ 44ਵਾਂ ਸੈਂਕੜਾ ਜੜਿਆ। ਸਚਿਨ ਇਸ ਮੈਚ ਵਿਚ 166 ਗੇਂਦਾਂ 'ਤੇ 11 ਚੌਕਿਆਂ ਤੇ 2 ਛੱਕਿਆਂ ਦੀ ਮਦਦ ਨਾਲ 105 ਦੌੜਾਂ ਬਣਾ ਅਜੇਤੂ ਰਹੇ। ਸਚਿਨ ਨੇ ਕੱਲ੍ਹ ਟੈਸਟ ਮੈਚਾਂ ਵਿਚ ਆਪਣੀਆਂ 13 ਹਜ਼ਾਰ ਦੌੜਾਂ ਵੀ ਪੂਰੀਆਂ ਕੀਤੀਆਂ ਸਨ। ਮਾਸਟਰ ਬਲਾਸਟਰ ਸਚਿਨ ਤੇਂਦੂਲਕਰ ਨੇ ਟੈਸਟ ਕ੍ਰਿਕਟ ਵਿਚ ਅੱਜ ਆਪਣਾ 44ਵਾਂ ਸੈਂਕੜਾ ਜੜਿਆ। ਸਚਿਨ ਨੇ ਇਹ ਕਾਰਨਾਮਾ (ਬਾਕੀ ਸਫਾ 2 'ਤੇ)

ਅਮਰੀਕਾ 'ਚ ਵੀ ਦਿਖੇਗਾ ਆਈ.ਪੀ.ਐਲ. ਦਾ ਜਲਵਾ

ਲੰਦਨ, 18 ਜਨਵਰੀ (ਵਿਸ਼ਵ ਵਾਰਤਾ)-ਅਮਰੀਕਾ ਵਿੱਚ ਕ੍ਰਿਕਟ ਪ੍ਰੇਮੀਆਂ ਲਈ ਚੰਗੀ ਖ਼ਬਰ ਹੈ ਕਿਉਂਕਿ ਆਈ.ਪੀ.ਐਲ. ਵਿਸ਼ਵ ਵਿਆਪੀ ਪੈਠ ਬਣਾਉਣ ਲਈ ਨੇੜੇ ਭਵਿੱਖ ਵਿੱਚ ਇਸ ਟਵੰਟੀ-20 ਟੂਰਨਾਮੈਂਟ ਨੂੰ ਇੱਥੇ ਲਿਆਉਣ ਦੀ ਕਵਾਇਦ ਵਿੱਚ ਜੁਟੀ ਹੈ। 'ਲੰਦਨ ਟਾਈਮਸ' ਦੀ ਰਿਪੋਰਟ ਅਨੁਸਾਰ ਆਈ.ਪੀ.ਐਲ. ਦੇ ਚੇਅਰਮੈਨ ਅਤੇ ਕਮਿਸ਼ਨਰ ਲਲਿਤ ਮੋਦੀ ਭਵਿੱਖ ਅਮਰੀਕਾ ਵਿੱਚ ਕੁਝ ਮੈਚ ਕਰਾਉਣ ਦੀ ਯੋਜਨਾ ਬਣਾ ਰਹੇ ਹਨ। ਮੋਦੀ ਨੇ ਇਸ ਅਖ਼ਬਾਰ ਨੂੰ ਕਿਹਾ- ਸਾਨੂੰ ਉਮੀਦ ਹੈ ਕਿ ਅਮਰੀਕਾ ਵਿੱਚ ਪ੍ਰਸ਼ੰਸਕਾਂ ਨੂੰ ਆਈ.ਪੀ.ਐਲ. ਦਾ ਅਨੁਭਵ ਮੁਹੱਈਆ ਕਰਾ ਸਕਾਂਗੇ। ਅਸੀਂ ਅਗਲੇ 18 ਮਹੀਨੇ ਦੇ ਕਰੀਬ ਅਮਰੀਕਾ ਵਿੱਚ ਕੁਝ ਮੈਚ ਸ਼ੁਰੂ ਕਰਾਂਗੇ। ਇਸ ਰਿਪੋਰਟ ਅਨੁਸਾਰ ਆਈ.ਪੀ.ਐਲ. ਨੂੰ ਅਮਰੀਕਾ ਵਿੱਚ ਲਿਆਉਣ ਦਾ ਕਦਮ ਕਾਫ਼ੀ ਲਾਭਕਾਰੀ ਸਿੱਧ ਹੋਵੇਗਾ।

ਸੰਤ ਜਸਵੰਤ ਸਿੰਘ ਕੈਂਸਰ ਸੁਸਾਇਟੀ ਵੱਲੋਂ ਕੈਂਸਰ ਪੀੜਤਾਂ ਦਾ ਮੁਫਤ ਚੈੱਕਅੱਪ ਅਤੇ ਇਲਾਜ ਭਲਕੇ

ਨਿਰਮਲ ਤਖਤ ਤਲਾਬ ਬਾਬਾ ਬੁੱਢਾ ਸਾਹਿਬ ਦਕੋਹਾ (ਜਲੰਧਰ) ਵਿਖੇ 59ਵੇਂ ਬਸੰਤ ਪੰਚਮੀ ਸਾਲਾਨਾ ਸਤਿਸੰਗ ਸਮਾਗਮ ਸ਼ੁਰੂ

ਜਲੰਧਰ, 18 ਜਨਵਰੀ (ਹਰਪ੍ਰੀਤ ਸਿੰਘ ਲੇਹਿਲ, ਮਲਕੀਤ ਸਿੰਘ ਬਰਾੜ)-ਸ੍ਰੀ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਜੀ ਸਥਾਨ ਨੰ. 1, ਆਤਮਦਰਸ਼ੀ ਹਰਿਮੰਦਰ ਪਿੰਡ ਦਕੋਹਾ ਜਲੰਧਰ ਛਾਉਣੀ ਵਿਖੇ ਬਸੰਤ ਪੰਚਮੀ ਦੇ ਸੰਬੰਧ ਵਿੱਚ 59ਵਾਂ ਸਾਲਾਨਾ ਸਤਿਸੰਗ ਜੋ 18, 19 ਅਤੇ 20 ਜਨਵਰੀ 2010 ਦਿਨ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ, ਮੌਕੇ 20 ਜਨਵਰੀ ਨੂੰ ਐਸ. ਜੇ. ਐਸ. ਕੈਂਸਰ ਸੁਸਾਇਟੀ ਅਤੇ ਏਸ਼ੀਅਨ ਹਸਪਤਾਲ ਫਰੀਦਾਬਾਦ ਵੱਲੋਂ ਐਸ. ਜੇ. ਐਸ. ਹਸਪਤਾਲ ਦਕੋਹਾ ਵਿਖੇ ਕੈਂਸਰ ਦੀ ਜਾਂਚ ਦਾ ਇੱਕ ਮੁਫ਼ਤ ਕੈਂਪ ਲਗਾਇਆ ਜਾ ਰਿਹਾ ਹੈ। ਅੱਜ ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਡਾ. ਪੀ. ਐਸ. ਬਖ਼ਸ਼ੀ, ਡਾ. ਅੰਤਰਪੁਨੀਤ ਸਿੰਘ, ਡਾ. ਪ੍ਰੀਤਪਾਲ ਸਿੰਘ, ਬੀਬੀ ਹਰਮਿੰਦਰ ਕੌਰ ਅਤੇ ਸ. ਵੀ.ਪੀ. ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਰੋਗੀਆ ਅਤੇ ਵਿਅਕਤੀਆਂ ਨੂੰ

(ਫੋਟੋ : ਕੁਲਦੀਪ ਸਟੂਡੀਓ)

ਇਸ ਚੈੱਕਅੱਪ ਕੈਂਪ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਕੈਂਸਰ ਨੂੰ ਇਲਾਜ਼ਯੋਗ ਦੱਸਦੇ ਹੋਏ ਉਨ੍ਹਾਂ ਚੇਤੰਨ ਕੀਤਾ ਕਿ ਲੋਕਾਂ ਨੂੰ ਵਿਸ਼ੇਸ਼ ਅਹਿਤਿਆਤ ਵਰਤਕੇ ਕੈਂਸਰ ਦੇ ਰੋਗ ਤੋਂ ਬਚਨਾ ਚਾਹੀਦਾ ਹੈ। ਅਗਰ ਕਿਸੇ ਨੂੰ ਆਪਣੀ ਸਿਹਤ ਬਾਰੇ ਕੋਈ ਸ਼ੱਕ ਹੋਵੇ ਤਾਂ ਉਹ 20 ਜਨਵਰੀ ਨੂੰ ਦਕੋਹਾ ਵਿਖੇ ਆ ਕੇ ਫਰੀ ਚੈਕਅੱਪ ਵੀ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਗਾਤਾਰ ਵੱਧ ਰਹੇ ਕੈਂਸਰ ਦੇ ਰੋਗੀਆਂ ਦੀ ਗਿਣਤੀ ਨੂੰ ਦੇਖਦੇ ਹੋਏ ਅਤੇ ਇਸ ਦੇ ਮਹਿੰਗੇ ਇਲਾਜ਼ ਨੂੰ ਧਿਆਨਹਿਤ (ਬਾਕੀ ਸਫਾ 2 'ਤੇ)

ਕੇਂਦਰ ਦਿੱਲੀ-ਮੁੰਬਈ ਸੱਨਅਤੀ ਲਾਂਘੇ 'ਚ ਪੰਜਾਬ ਨੂੰ ਵੀ ਸ਼ਾਮਲ ਕਰੇ-ਨਵਜੋਤ ਸਿੱਧੂ

ਸਿਆਸਤ ਤੋਂ ਪ੍ਰੇਰਿਤ ਪੱਖਪਾਤ ਛੱਡ ਕੇ ਮਨਮੋਹਨ ਸਿੰਘ, ਕੇਂਦਰ ਸਰਕਾਰ ਅੰਮ੍ਰਿਤਸਰ ਦੀ ਵੀ ਸੁਣੇ

ਜਲੰਧਰ, 18 ਜਨਵਰੀ (ਸਰਬਜੀਤ ਵਾਲੀਆ)-ਹਲਕਾ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਮੈਂਬਰ ਸ. ਨਵਜੋਤ ਸਿੰਘ ਸਿੱਧੂ ਨੇ ਅੱਜ ਇੱਥੇ ਦੁੱਖ ਪ੍ਰਗਟ ਕੀਤਾ ਕਿ ਕੇਂਦਰ ਵੱਲੋਂ 4,25 ਹਜ਼ਾਰ ਕਰੋੜ ਦੇ ਦਿੱਲੀ-ਮੁੰਬਈ ਸਨਅਤੀ ਲਾਂਘੇ ਵਿੱਚੋਂ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਕੇ ਪੰਜਾਬੀਆਂ ਦਾ ਮਜ਼ਾਕ ਉਡਾਇਆ ਹੈ। ਸ. ਸਿੱਧੂ ਨੇ ਦਿੱਲੀ ਦੀ ਅੰਗਰੇਜ਼ੀ ਅਖਬਾਰ ਦੀ ਕਾਤਰ ਪੇਸ਼ ਕਰਕੇ ਅੰਕੜਿਆਂ ਸਹਿਤ ਦੋਸ਼ ਲਗਾਇਆ ਕਿ ਕੇਂਦਰ ਨੇ 425 ਹਜ਼ਾਰ ਕਰੋੜ ਦੀ ਲਾਗਤ ਵਾਲਾ ਜੋ ਉਕਤ ਲਾਂਘਾ ਬਣਾਉਣ ਦੀ ਯੋਜਨਾ ਪ੍ਰਵਾਨ ਕੀਤੀ ਹੈ, ਉਸ ਵਿੱਚ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਸੂਬੇ ਤਾਂ ਸ਼ਾਮਲ ਹਨ, ਪਰ ਪੰਜਾਬ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਪ੍ਰਧਾਨ ਮੰਤਰੀ ਖੁਦ ਅੰਮ੍ਰਿਤਸਰ ਨਾਲ ਸਬੰਧਿਤ ਹਨ, ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਨੇ ਵੀ ਪੰਜਾਬ ਨਾਲ ਵੱਡਾ ਵਿਤਕਰਾ ਹੁੰਦਾ ਵੇਖ ਕੇ ਆਵਾਜ਼ ਨਹੀਂ ਉਠਾਈ। ਇਸ 1483 ਕਿਲੋਮੀਟਰ ਦੇ ਪ੍ਰਸਤਾਵਿਤ ਲਾਂਘੇ ਵਿੱਚ ਅਗਰ ਸਿਰਫ 100 ਕਿਲੋਮੀਟਰ ਹੋਰ ਵਾਧਾ ਕਰ ਦਿੱਤਾ ਜਾਵੇ ਤਾਂ ਇਹ ਪੰਜਾਬ ਨੂੰ ਵੀ ਕਵਰ ਕਰਦੇ ਹੋਏ ਅੰਮ੍ਰਿਤਸਰ ਤੱਕ ਲਿਜਾਇਆ ਜਾ ਸਕਦਾ ਹੈ, ਜੋ ਅੱਜ ਦੇ ਸਮੇਂ ਦੀ ਸਖਤ ਜਰੂਰਤ ਵੀ ਹੈ, ਕਿਉਂਕਿ ਸਰਹੱਦੀ ਪੱਟੀ ਵਾਲੇ ਪੰਜਾਬ ਨੂੰ ਅਟਾਰੀ, ਵਾਹਗਾ ਸਰਹੱਦ ਰਾਹੀਂ ਭਾਰਤ-ਪਾਕਿ ਵਿਚਾਲੇ ਵਪਾਰਕ ਆਦਾਨ-ਪ੍ਰਦਾਨ ਹੋਰ ਜ਼ਿਆਦਾ ਵਧਾਉਣ ਦੀ ਵੀ ਜ਼ਰੂਰਤ ਹੈ ਜੋ ਕਿ ਅਜੇ ਤੱਕ ਅਣਗਹਿਲੀ ਦਾ ਸ਼ਿਕਾਰ ਹੈ। ਸ. ਸਿੱਧੂ ਨੇ ਕਿਹਾ ਕਿ ਭਾਰਤ ਦੇ ਕਮਾਊ ਪੁੱਤ ਪੰਜਾਬ ਨੂੰ ਨਜ਼ਰ-ਅੰਦਾਜ਼ ਕਰਕੇ ਕੇਂਦਰ ਨੇ ਪੰਜਾਬੀਆਂ ਦੀ ਜੋ ਬੇਇੱਜ਼ਤੀ ਕੀਤੀ ਹੈ, ਉਹ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਦੂਸਰੀਆਂ ਸਿਆਸੀ ਪਾਰਟੀਆਂ ਨੂੰ ਵੀ ਨਾਲ ਲੈ ਕੇ ਇਹ ਬੇਇਨਸਾਫੀ ਦੂਰ ਕਰਵਾਈ ਜਾਵੇਗੀ। ਇਸ ਮਸਲੇ ਨੂੰ "ਮਿੱਤਰਾਂ ਦੀ ਪੱਗ ਦਾ ਸਵਾਲ" ਕਰਾਰ ਦਿੰਦਿਆਂ ਸਿੱਧੂ ਨੇ ਕਿਹਾ ਕਿ ਇਸ ਬਾਰੇ ਮੈਂ ਭਾਜਪਾ ਪੰਜਾਬ ਦੇ (ਬਾਕੀ ਸਫਾ 2 'ਤੇ)

(ਫੋਟੋ : ਕੁਲਦੀਪ ਸਟੂਡੀਓ)